ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ:252/CC ਮਿਤੀ 2/9/15

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸਾਖਾ)

ਪੰਜਾਬ ਦੇ ਰਾਜਪਾਲ ਜੀ ਦੇ ਹੁਕਮ

ਸ੍ਰੀ ਗੋਪਾਲ ਕ੍ਰਿਸਨ, ਸੀਨੀਅਰ ਸਹਾਇਕ ਨੂੰ ਸਰਕਾਰ ਦੇ ਪੱਤਰ ਨੰ: 5/19/2012-5ਸਿੰ:ਪ੍ਰੋ:2/372861/1-3 ਮਿਤੀ 22.12.2014 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ-8 ਅਧੀਨ ਹੇਠ ਲਿਖੇ ਦੋਸ਼ਾਂ ਕਾਰਨ ਦੋਸ ਸੂਚੀ ਜਾਰੀ ਕੀਤੀ ਗਈ ਸੀ:-

1) ਤੱਥਾਂ ਨੂੰ ਛੁਪਾ ਕੇ ਸ੍ਰੀ ਅਮਰੀਕ ਸਿੰਘ, ਸੀਨੀਅਰ ਸਹਾਇਕ, ਭਾਖੜਾ ਬਿਆਸ ਪ੍ਰਬੰਧ ਬੋਰਡ, ਚੰਡੀਗੜ੍ਹ ਦੀ ਡਿਸਪੋਜਲ ਤੇ ਪੰਜਾਬ ਕੋਟੇ ਦੀ ਸੀਨੀਅਰ ਸਹਾਇਕ ਦੀ ਖਾਲੀ ਆਸਾਮੀਂ ਤੇ ਉਚ ਅਧਿਕਾਰੀਆਂ ਨੂੰ ਗੁੰਮਰਾਹ ਕਰਦੇ ਹੋਏ ਪੋਸਟਿੰਗ ਦੇ ਹੁਕਮ ਪਾ੍ਪਤ ਕਰਕੇ ਰੂਲਾਂ ਅਤੇ ਹਦਾਇਤਾਂ ਦੀ ਉਲੰਘਣਾਂ ਵਿੱਚ ਮੱਦਦ ਕਰਨਾ।

2) ਬਤੌਰ ਸੀਨੀਅਰ ਸਹਾਇਕ ਆਪਣੀ ਡਿਊਟੀ ਨਿਭਾਉਂਣ ਵਿੱਚ ਅਣਗਹਿਲੀ ਵਰਤਣਾ।

2. ਉਕਤ ਦੋਸ਼ਾਂ ਸਬੰਧੀ ਸ੍ਰੀ ਗੋਪਾਲ ਕ੍ਰਿਸਨ, ਸੀਨੀਅਰ ਸਹਾਇਕ ਵੱਲੋਂ ਸਰਕਾਰ ਨੂੰ ਮਿਤੀ 02.3.2015 ਨੂੰ ਆਪਣਾ ਜਵਾਬ ਪੇਸ਼ ਕੀਤਾ ਗਿਆ, ਜਿਸ ਨੂੰ ਤਸੱਲੀਬਖਸ਼ ਨਾ ਪਾਏ ਜਾਣ ਕਾਰਣ ਸਰਕਾਰ ਦੇ ਪੱਤਰ ਨੰ: 5/19/2012-5ਸਿੰ:ਪ੍ਰੋ:2/464586/1-5, ਮਿਤੀ 20.4.2015 ਰਾਹੀਂ ਸ੍ਰੀ ਬੀ.ਸੀ.ਗੁਪਤਾ, ਵਧੀਕ ਜਿਲ੍ਹਾ ਅਤੇ ਸ਼ੈਸ਼ਨ ਜੱਜ (ਰਿਟਾਇਰਡ) ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ।

3. ਸ੍ਰੀ ਬੀ.ਸੀ.ਗੁਪਤਾ, ਵਧੀਕ ਜਿਲ੍ਹਾ ਅਤੇ ਸ਼ੈਸ਼ਨ ਜੱਜ (ਰਿਟਾਇਰਡ) ਪੜਤਾਲੀਆ ਅਫਸਰ ਵੱਲੋਂ ਮਿਤੀ 1.7.2015 ਨੂੰ ਪੜਤਾਲ ਰਿਪੋਰਟ ਸਰਕਾਰ ਨੂੰ ਸੌਂਪਦੇ ਹੋਏ, ਪੜਤਾਲੀਆ ਅਫਸਰ ਵੱਲੋ ਆਪਣੀ ਪੜਤਾਲ ਰਿਪੋਰਟ ਵਿੱਚ ਸ੍ਰੀ ਗੋਪਾਲ ਕ੍ਰਿਸਨ, ਸੀਨੀਅਰ ਸਹਾਇਕ ਵਿਰੁੱਧ ਸੂਚੀ ਵਿੱਚ ਲਗਾਏ ਗਏ ਸਮੂਹ ਦੋਸ਼ਾਂ ਨੂੰ ਸਿੱਧ ਕੀਤਾ ਗਿਆ ਸੀ।

4. ਪੜਤਾਲੀਆ ਅਫਸਰ ਵੱਲੋਂ ਸਰਕਾਰ ਨੂੰ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਦੀ ਕਾਪੀ ਸ੍ਰੀ ਗੋਪਾਲ ਕ੍ਰਿਸਨ, ਸੀਨੀਅਰ ਸਹਾਇਕ ਨੂੰ ਸਰਕਾਰ ਦੇ ਪੱਤਰ ਨੰ: 5/19/2012-5ਸਿੰ:ਪ੍ਰੋ:2/530641/1, ਮਿਤੀ 8.7.2015 ਰਾਹੀਂ ਭੇਜਕੇ ਉਨ੍ਹਾਂ ਦਾ ਸਪਸ਼ਟੀਕਰਨ ਮੰਗਿਆ ਸੀ।

5. ਸ੍ਰੀ ਗੋਪਾਲ ਕ੍ਰਿਸਨ, ਸੀਨੀਅਰ ਸਹਾਇਕ ਵੱਲੋਂ ਪੜਤਾਲ ਰਿਪੋਰਟ ਸਬੰਧੀ ਆਪਣਾ ਸਪਸ਼ਟੀਕਰਨ ਸਰਕਾਰ ਨੂੰ ਮਿਤੀ 5.08.2015 ਨੂੰ ਪੇਸ਼ ਕੀਤਾ ਜਿਸ ਨੂੰ ਵਿਚਾਰਨ ਅਤੇ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਸਕੱਤਰ ਸਿੰਚਾਈ ਜੀ ਵੱਲੋਂ ਇਸ ਅਧਿਕਾਰੀ ਨੂੰ ਆਪਣਾ ਪੱਖ ਰੱਖਣ ਲਈ ਮਿਤੀ 19.8.2015 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਸੀ।

6. ਸ੍ਰੀ ਗੋਪਾਲ ਕ੍ਰਿਸਨ, ਸੀਨੀਅਰ ਸਹਾਇਕ ਨੂੰ ਜਾਰੀ ਕੀਤੀ ਦੋਸ਼ ਸੂਚੀ, ਉਸ ਵੱਲੋਂ ਦੋਸ਼ ਸੂਚੀ ਸਬੰਧੀ ਦਿੱਤੇ ਗਏ ਜਵਾਬ, ਪੜਤਾਲ ਰਿਪੋਰਟ, ਉਸ ਵੱਲੋਂ ਨਿੱਜੀ ਸੁਣਵਾਈ ਸਮੇਂ ਮਾਨਯੋਗ ਸਕੱਤਰ ਸਿੰਚਾਈ ਜੀ ਦੇ ਸਨਮੁੱਖ ਪੇਸ਼ ਕੀਤੀ ਸ਼ਹਾਦਤ ਅਤੇ ਕੇਸ ਤੇ ਆਏ ਸਾਰੇ ਤੱਥਾਂ ਨੂੰ ਗਹੁ ਨਾਲ ਵਿਚਾਰਨ ਉਪਰੰਤ ਸ੍ਰੀ ਗੋਪਾਲ ਕ੍ਰਿਸਨ, ਸੀਨੀਅਰ ਸਹਾਇਕ ਨੂੰ ਜਾਰੀ ਕੀਤੀ ਦੋਸ ਸੂਚੀ ਨੂੰ ਠੱਪ ਕਰਦੇ ਹੋਏ ਅੱਗੇ ਤੋਂ ਸੁਚੇਤ ਰਹਿਣ ਦੀ ਤਾਕੀਦ ਕੀਤੀ ਜਾਂਦੀ ਹੈ।

ਮਿਤੀ,ਚੰਡੀਗੜ੍ਹ:
26-8-2015

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ

ਪਿੱਠ ਅੰਕਣ ਨੰ:5/19/2012-5ਸਿੰ:ਪ੍ਰੋ:2/578218/3 ਮਿਤੀ,ਚੰਡੀਗੜ੍ਹ: 1/9/15

2) ਮੁੱਖ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਕੰਟਰੋਲ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।

3) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।

4) ਸ੍ਰੀ ਗੋਪਾਲ ਕ੍ਰਿਸ਼ਨ, ਸੀਨੀਅਰ ਸਹਾਇਕ ਮਾਰਫਤ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।

ਅਧੀਨ ਸਕੱਤਰ ਸਿੰਚਾਈ